Surrey Schools
LEADERSHIP IN LEARNING

Tel: 604.596.7733
www.sd36.bc.ca

# ਗਰਮੀਆਂ ਵਿੱਚ ਸਿੱਖਣ ਲਈ ਕਾਰਵਾਈਆਂ
# Summer Learning Activities

ਭਾਵੇਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਬੱਚਿਆਂ ਦੇ ਮਨੋਰੰਜਨ ਵਿੱਚ ਜ਼ਿਆਦਾ ਸਮਾਂ ਵਿਚਰਦਾ ਹੈ, ਇਸਦਾ ਇਹ ਮਤਲਬ ਲਈ ਨਹੀਂ ਕਿ ਬੱਚਿਆਂ ਦੀ ਸਿਖਿੱਆ ਵਲੋਂ ਵੀ ਛੁੱਟੀਆਂ ਹਨ। ਇਹ ਕੁੱਝ ਸੁਝਾਓ ਹਨ, ਮਾਪਿਆਂ ਲਈ:

ਛੋਟੇ ਬੱਚਿਆਂ ਲਈ:
ਬੋਲ ਕਿ ਉੱਚੀ ਪੜੋ - ਆਪਣੀ ਗੁਆਂਢ ਦੀ ਲਾਇਬਰੇਰੀ ਵਿੱਚ ਜਾਓ, ਓਥੋਂ ਓਹ ਕਿਤਾਬਾਂ ਲਓ ਜਿਹਨਾਂ ਵਿੱਚ ਗਾ ਕਿ ਬੱਚਿਆਂ ਨੂੰ ਕਹਾਣੀਆਂ ਪੜ੍ਹੀਆਂ ਜਾ ਸਕਦੀਆਂ ਹਨ । ਆਪ ਪੜ੍ਹੋ ਅਤੇ ਬੱਚਿਆਂ ਨੂੰ ਕਹੋ ਕਿ ਤੁਹਾਡੇ ਮਗਰ ਬੋਲਣ, ਇਸ ਤਰਾਂ ਓਹ ਬਹੁਤ ਕੁੱਝ ਸਿੱਖਦੇ ਹਨ। ਫਿਰ ਓਨ੍ਹਾਂ ਦੀ ਸ਼ਬਦਾਵਲੀ ਬਾਰੇ ਵਿਚਾਰ ਕਰੋ ।

ਆਈ ਸਪਾਈ ਦੇ ਖੇਡ ਖੇਲੋਂ - ਇਸ ਵਿੱਚ ਤੁਸੀਂ ਆਈ ਸਪਾਈ ਦਾ ਨਾਂ ਲੈ ਕਿ ਕਿਸੇ ਚੀਜ਼ ਦਾ ਨਾਂ ਲੈ ਦਿਓ ਜੋ ਤੁਹਾਡੇ ਆਲੇ ਦੁਆਲੇ ਹੋਵੇ ਅਤੇ ਬੱਚੇ ਨੂੰ ਕਹੋ ਕਿ ਓਹ ਬੁੱਝੇ। ਇਸ ਤਰਾਂ ਕਾਫੀ ਸ਼ਬਦਾਂ ਦੀ ਵਿਚਾਰ ਹੁੰਦੀ ਹੈ।

ਗਾਣਾ ਗਾਓ- ਇਸ ਖੇਲ ਵਿੱਚ ਤੁਸੀਂ ਬੱਚਿਆਂ ਦੀਆਂ ਕਿਤਾਬਾਂ ਵਿੱਚੋਂ ਕੋਈ ਗਾਣਾ ਚੁਣ ਲਵੋ ਗਾ ਕਿ ਸੁਣਾਓਣ ਲਈ । ਬੱਚੇ ਨੂੰ ਮਗਰ ਮਗਰ ਬੋਲਣ ਲਈ ਕਹੋ ਅਤੇ ਤੁਕਾਂ ਬਾਰੇ ਵਿਚਾਰ ਕਰੋ ।
ਦਿਨ ਦੀ ਆਵਾਜ਼ - ਇੱਕ ਸ਼ਬਦ ਚੁਣ ਲਵੋ ਅਤੇ ਸਾਰਾ ਦਿਨ ਜਿਤਨੇ ਵੀ ਹੋਰ ਸ਼ਬਦ ਓਸ ਨਾਲ ਸ਼ੁਰੂ ਹੁੰਦੇ ਹਨ ਓਹਨਾਂ ਨੂੰ ਦੁਹਰਾਂਦੇ ਰਹੋ । ਇਸ ਨਾਲ ਬੱਚੇ ਦਾ ਗਿਆਨ ਵਧੱਦਾ ਹੈ ਅਤੇ ਬੋਲਣ ਦੀ ਸ਼ਕਤੀ ਵਧੱਦੀ ਹੈ ।
ਭਾਈ ਚਾਰੇ ਦੇ ਪ੍ਰੋਗਰਾਮ - ਆਪਣੇ ਆਪ ਭਾਈ ਚਾਰੇ ਵਿੱਚ ਬੱਚਿਆਂ ਦੇ ਪ੍ਰੋਗਰਾਮਾਂ ਤੋਂ ਵਾਕਫੀਅਤ ਲਵੋ ।

ਵਡਿੱਆਂ ਬੱਚਿਆਂ ਲਈ :
ਸ਼ਾਤੀ ਨਾਲ ਬੈਠ ਕਿ ਪੜੋ - ਲਾਇਬਰੇਰੀ ਤੋਂ ਕਿਤਾਬਾਂ ਲੈ ਕਿ ਹਰ ਰੋਜ਼ ਪੜ੍ਹਨ ਦਾ ਸਮਾਂ ਨੀਅਤ ਕਰੋ । ਹਰ ਰੋਜ਼ ਬੈਠ ਕਿ ਪੜ੍ਹਨ ਦੀ ਆਦਿਤ ਸਾਰੀ ਓਮਰ ਲਈ ਲਾਭਵੰਦ ਹੈ ।
ਛੁੱਟੀਆਂ ਦੀ ਸਕੀਮ-ਅਗਰ ਕਿਤੇ ਜਾ ਰਹੇ ਹੋ ਸ਼ਹਿਰ ਤੋਂ ਦੂਰ ਤਾਂ ਬੱਚਿਆਂ ਨੂੰ ਸਾਰੀ ਸਕੀਮ ਬਣਾਓਣ ਦਿਓ ।

ਹਿਸਾਬ ਦੀ ਕਾਰਵਾਈ- ਬੱਚਿਆਂ ਨੂੰ ਗਰੋਸਰੀ ਦੀਆਂ ਕੀਮਤਾਂ ਦੀ ਖੋਜ ਕਰਨ ਦਿਓ, ਜੇ ਕਿਤੇ ਜਾ ਰਹੇ ਹੋ ਤਾਂ ਬਚਿੱਆਂ ਨੂੰ ਕੀਮਤਾਂ ਦੀ ਜਾਣਕਾਰੀ ਅਤੇ ਪੈਟਰੋਲ ਦਾ ਖਰਚ ਇਤਆਦਿਕ ਦਾ ਹਿਸਾਬ ਕਿਤਾਬ ਰੱਖਣ ਲਈ ਪ੍ਰੇਰੋ
ਸ਼ਬਦਾਂ ਦੀਆਂ ਖੇਲਾਂ ਖੇਲੋ - ਸ਼ਬਦਾਂ ਦੇ ਠੀਕ ਲਿਖਣ ਦੀਆਂ ਖੇਡਾਂ ਜਾਂ 21 ਸਵਾਲਾਂ ਦੀ ਖੇਡਾਂ ਨਾਲ ਮਨੋਰੰਜਨ ਵੀ ਹੋ ਜਾਂਦਾ ਹੈ ਅਤੇ ਸਮਾਂ ਵੀ ਵਧੀਆ ਲੰਘ ਜਾਂਦਾ ਹੈ ।
ਸੈਰ ਸਪੱਟੇ ਲਈ ਬਾਹਰ ਘੁੰਮਣ ਜਾਣਾ - ਜਦੋਂ ਕਿਤੇ ਵੀ ਜਾਣਾ ਹੋਵੇ ਤਾਂ ਓਸ ਥਾਂ ਦੀ ਇਤਹਾਸ ਬਾਰੇ ਬੱਚਿਆਂ ਨੂੰ ਕਹੋ ਕਿ ਪਤਾ ਕਰਨ, ਓੁਥੇ ਜਾ ਕੇ ਜੋ ਜਾਣਕਾਰੀ ਲਈ ਕਈ ਪੁਸਤਕਾਂ ਜਾਂ ਛੋਟੀਆਂ ਪੁਸਤਕਾਂ ਆਦਿ ਮਿਲਦੀਆਂ ਹਨ, ਓਹਨਾਂ ਨੂੰ ਪੜ੍ਹੋ ਅਤੇ ਓਹਨਾਂ ਬਾਰੇ ਵਿਚਾਰ ਕਰੋ । ਬੱਚਿਆਂ ਨੂੰ ਕਹੋ ਕਿ ਇਹਨਾਂ ਪੁਸਤਕਾਂ ਨੂੰ ਪੜ੍ਹਨ ਅਤੇ ਤੁਹਾਨੂੰ ਵੀ ਜਾਣਕਾਰੀ ਦੇਣ ।